## FREE LEGAL SERVICES PROVIDED BY PUNJAB STATE LEGAL SERVICES AUTHORITY

Punjab State Legal Services Authority, SAS Nagar provides free legal services to the poor and weaker section of the society to protect their legal rights.

### WHO ARE ENTITLED TO FREE LEGAL SERVICES?



- A member of Scheduled Caste or Scheduled Tribe.
- A victim of trafficking in human beings or begar.
- A woman or a child.
- A person with disability such as suffering from blindness, leprosy, loco motor disability, hearing impairment, mental incapacity.
- A victim of mass disaster, ethnic violence, caste atrocity, flood, drought, earthquake or industrial disaster.
- An industrial workman.
- An undertrial in custody, including a juvenile or a mentally ill person in a psychiatric hospital or psychiatric nursing home.
- A person with an annual income of less than Rupees 3,00,000/-.

### MODES OF LEGAL SERVICES

- Providing Assistance of Advocates for defending the cases pending in the Courts at each level, i.e. Sub-division, District, High Court or Hon'ble Supreme Court.
- Free legal advice.
- Payment of Court fee, Process fee, Diet money of witness, Counsel fee and other miscellaneous expenses incurred in litigation.
- Disposal of cases through Conciliation, Mediation and Lok Adalats.
- Free services of Advocate to each undertrial / accused during Remand Hours.

### HOW CAN LEGAL SERVICES BE AVAILED?

The request for availing legal services in writing or verbally, can be made to the Member Secretary, Punjab State Legal Services Authority, SAS Nagar, District and Sessions Judge, Civil Judge (Senior Division)-cum-Secretary at District Level, Additional Civil Judge (Senior Division) at Sub-divisional level or in the Front offices, Village Care and Support Centers and Legal Literacy Clubs.

### CASES WHERE LEGAL SERVICES CAN BE PROVIDED

Free Legal Services can be provided in the following cases:

- All kinds of Civil and Criminal Cases.
- Property matters & Executions.
- Matrimonial/family disputes.
- Appeals, writs, review/revisions etc.
- Cases pending in the Commissions and Tribunals.
- Cases relating to violation of Fundamental Rights or Public Interest Litigations.

Scanned with CamScanner

## ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪ੍ਰਦਾਨ ਕੀਤੀ ਜਾਂਦੀ ਮੁਫਤ ਕਾਨੂੰਨੀ ਸਹਾਇਤਾ

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਸਮਾਜ ਦੇ ਪਿਛੜੇ ਅਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੀ ਹੈ।

### ਕੌਣ ਹਨ ਮੁਫ਼ਤ ਕਾਨੂੰਨੀ ਸਹਾਇਤਾ ਦੇ ਹੱਕਦਾਰ ?



1. ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਮੈਂਬਰ
2. ਵੱਡੀ ਮੁਸੀਬਤ/ਕੁਦਰਤੀ ਆਫ਼ਤਾਂ ਦੇ ਮਾਰੇ
3. ਬੇਗਾਰ ਦਾ ਮਾਰਿਆ
4. ਉਦਯੋਗਿਕ ਕਾਮੇ
5. ਇਸਤਰੀ/ਬੱਚਾ
6. ਹਿਰਾਸਤ ਵਿੱਚ
7. ਮਾਨਸਿਕ ਰੋਗੀ/ਅਪੰਗ
8. ਕੋਈ ਐਸਾ ਵਿਅਕਤੀ ਜਿਸਦੀ ਸਾਲਾਨਾ ਆਮਦਨ 3,00,000/- ਰੁਪਏ ਤੋਂ ਵੱਧ ਨਾਂ ਹੋਵੇ।

### ਮੁਫ਼ਤ ਕਾਨੂੰਨੀ ਸਹਾਇਤਾ ਵਿੱਚ ਕੀ ਮਿਲਦਾ ਹੈ ?

1. ਉਪ ਮੰਡਲ, ਜਿਲ੍ਹਾ, ਹਾਈ ਕੋਰਟ ਜਾਂ ਸੁਪਰੀਮ ਕੋਰਟ ਪੱਧਰ ਤੇ ਦੀਵਾਨੀ, ਫੌਜਦਾਰੀ ਅਤੇ ਮਾਲ ਦੀਆਂ ਕਚਿਹਰੀਆਂ ਵਿੱਚ ਵਕੀਲ ਦੀਆਂ ਮੁਫ਼ਤ ਸੇਵਾਵਾਂ।
2. ਮੁਫ਼ਤ ਕਾਨੂੰਨੀ ਸਲਾਹ ਮਸ਼ਵਰਾ।
3. ਕੋਰਟ ਫੀਸ, ਤਲਬਾਨਾ ਫੀਸ, ਗਵਾਹਾਂ ਦੇ ਖਰਚਿਆਂ, ਵਕੀਲ ਦੀ ਫੀਸ ਅਤੇ ਮੁਕੱਦਮੇ ਬਾਬਤ ਹੋਰ ਫੁਟਕਲ ਖਰਚਿਆਂ ਦੀ ਸਰਕਾਰ ਵੱਲੋਂ ਅਦਾਇਗੀ।
4. ਵਿਚੋਲਗੀ (ਸਾਲਸ) ਅਤੇ ਲੋਕ ਅਦਾਲਤਾਂ ਰਾਹੀਂ ਵਿਵਾਦਾਂ ਦਾ ਨਿਪਟਾਰਾ।
5. ਹਰ ਹਵਾਲਾਤੀ/ਮੁਜਰਿਮ ਨੂੰ ਰਿਮਾਂਡ ਦੌਰਾਨ ਵਕੀਲ ਦੀਆਂ ਮੁਫ਼ਤ ਸੇਵਾਵਾਂ।

### ਕਾਨੂੰਨੀ ਸਹਾਇਤਾ ਲੈਣ ਦਾ ਤਰੀਕਾ:

ਕਾਨੂੰਨੀ ਸਹਾਇਤਾ ਲੈਣ ਲਈ ਲਿਖਤੀ ਦਰਖਾਸਤ, ਨਿਰਧਾਰਿਤ ਪ੍ਰਫਾਰਮੇ ਤੇ ਜੋ ਅਥਾਰਟੀ ਵੱਲੋਂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ, ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ, ਜ਼ਿਲ੍ਹਾ ਪੱਧਰ ਤੇ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਉਪਮੰਡਲ ਪੱਧਰ ਤੇ ਵਧੀਕ ਸਿਵਲ ਜੱਜ ਸੀਨੀਅਰ ਡਵੀਜਨ ਦੇ ਦਫਤਰ ਵਿੱਚ ਜਾਂ ਫਰੰਟ ਆਫਿਸ ਜਾਂ ਲੀਗਲ ਏਡ ਕੇਅਰ ਅਤੇ ਸਪੋਰਟ ਸੈਂਟਰ/ਲੀਗਲ ਲਿਟਰੇਸੀ ਕਲੱਬ ਆਦਿ ਵਿਖੇ ਪੇਸ਼ ਕੀਤੀ ਜਾ ਸਕਦੀ ਹੈ। ਇਹ ਬੇਨਤੀ ਜ਼ੁਬਾਨੀ ਵੀ ਕੀਤੀ ਜਾ ਸਕਦੀ ਹੈ।

### ਕਾਨੂੰਨੀ ਸਹਾਇਤਾ ਕਿੰਨਾਂ ਕੇਸਾਂ ਵਿੱਚ ਮਿਲ ਸਕਦੀ ਹੈ:

ਹੇਠਾਂ ਲਿਖੇ ਕੇਸਾਂ ਵਿੱਚ ਮੁਫਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ:

1. ਹਰ ਤਰ੍ਹਾਂ ਦੇ ਦੀਵਾਨੀ ਕੇਸ
2. ਜਾਇਦਾਦ ਸਬੰਧੀ ਮਾਮਲੇ
3. ਪਰਿਵਾਰਿਕ ਝਗੜੇ(ਪਤੀ-ਪਤਨੀ ਦੇ ਝਗੜੇ)
4. ਹਿਰਾਸਤ ਸਬੰਧੀ ਕੇਸ
5. ਮੋਟਰ ਐਕਸੀਡੈਂਟ ਕੇਸ
6. ਨੌਕਰੀ ਸਬੰਧੀ ਮਾਮਲੇ
7. ਲੇਬਰ ਕੋਰਟ ਕੇਸ
8. ਫੋਜ਼ਦਾਰੀ ਕੇਸ
9. ਇਜ਼ਰਾਵਾਂ
10. ਅਪੀਲ, ਰਿੱਟ, ਰਿਵਿਊ, ਰਵੀਜ਼ਨ ਆਦਿ
11. ਹੋਰ ਅਦਾਲਤਾਂ, ਕਮਿਸ਼ਨਾਂ ਅਤੇ ਟ੍ਰਿਬਿਓਨਲਾਂ ਵਿੱਚ ਲੰਬਿਤ ਕੇਸ
12. ਮੌਲਿਕ ਅਧਿਕਾਰਾਂ ਦੀ ਰਾਖੀ ਸਬੰਧੀ ਕੇਸਾਂ ਵਿੱਚ ਅਤੇ ਅਜਿਹੇ ਕੇਸ ਜਿੰਨ੍ਹਾਂ ਵਿੱਚ ਜਨਹਿੱਤ ਜੁੜਿਆ ਹੋਵੇ, ਕਾਨੂੰਨੀ ਸਹਾਇਤਾ ਲਈ ਜਾ ਸਕਦੀ ਹੈ।

Scanned with CamScanner